# ਭਰਮ
## ਭਾਗ–7

ਇਲਾਹੀ ਕੁਦਰਤ ਵਿਚ 'ਦੂਜੇ–ਦੋਇ' (daulity) ਦੇ ਅਟੱਲ ਅਸੂਲ ਅਨੁਸਾਰ, ਹਰ ਇੱਕ ਗੱਲ ਦਾ 'ਜੋੜਾ' ਬਣਿਆ ਹੋਇਆ ਹੈ। ਜਿਹਾ ਕਿ —

| | | |
|---|---|---|
| ਸੁਖ | — | ਦੁਖ |
| ਸਰਦੀ | — | ਗਰਮੀ |
| ਚੰਗਾ | — | ਮਾੜਾ |
| ਊਚ | — | ਨੀਚ |
| ਪੁੰਨ | — | ਪਾਪ |
| ਪਿਆਰ | — | ਘਿਰਨਾ |
| ਗੁਣ | — | ਅਉਗੁਣ |
| ਜੀਵਨ | — | ਮੌਤ |
| ਸੁਰਗ | — | ਨਰਕ |
| ਦਿਨ | — | ਰਾਤ |
| ਚਾਨਣ | — | ਹਨੇਰਾ |
| ਠੰਡਾ | — | ਤੱਤਾ |
| ਦੇਵਤੇ | — | ਦੈਂਤ |
| ਪਰਮਾਤਮਾ | — | ਮਾਇਆ, ਆਦਿ । |

ਜਿੱਥੇ—ਸਾਡੀ ਬੁੱਧੀ ਦੇ ਵਿਕਾਸ ਦੁਆਰਾ, ਨਵੀਨ ਵਿਦਿਆ ਅਤੇ ਆਧੁਨਿਕ ਵਿਗਿਆਨ ਦੇ ਜ਼ਰੀਏ —

ਸੁਖ, ਆਰਾਮ, ਭੋਗ, ਵਿਲਾਸ, ਮਨੋਰੰਜਨ, ਦਿਮਾਗੀ ਫ਼ਿਲਾਸਫ਼ੀ, ਖਿਆਲੀ ਉਡਾਰੀਆਂ, ਧਾਰਮਿਕ ਗਿਆਨ, ਨਵੀਨ ਸਭਿਅਤਾ

ਦੀਆਂ ਪ੍ਰਾਪਤੀਆਂ ਟੀਸੀ ਤਾਂਈ ਵਿਕਸਿਤ ਹੋ ਚੁਕੀਆਂ ਹਨ, ਉਥੇ–ਦੂਜੈਗੀ ਦੇ ਅਸੂਲ ਅਨੁਸਾਰ, ਉਪਰ ਲਿਖੇ ਤੱਤਾਂ ਦੇ ਐਨ ਉਲਟ,

ਉਸੇ ਮਿਕਦਾਰ ਵਿਚ ਅਤੇ ਤੀਖਣਤਾ ਨਾਲ, ਜਗਤ ਵਿਚ —

ਦੁਖ, ਕਲੇਸ਼, ਈਰਖਾ, ਦਵੈਤ, ਵੈਰ, ਵਿਰੋਧ, ਫ਼ਰੇਬ, ਖ਼ੁਦਗਰਜ਼ੀ, ਕੁਲਝਣਾ, ਅਸ਼ਾਂਤੀ ਆਦਿ, ਅਉਗਣਾਂ ਦਾ ਵਰਤ-ਵਰਤਾਰਾ ਵਧ ਰਿਹਾ ਹੈ।

'ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾਂ' ਦੇ ਅਟੱਲ ਅਸੂਲ ਅਨੁਸਾਰ, ਸਾਡੇ ਖਿਆਲਾਂ, ਭਾਵਨਾਵਾਂ ਅਤੇ ਕਰਮਾਂ ਦਾ ਨਤੀਜਾ ਸਾਨੂੰ ਅਵੱਸ਼ ਭੁਗਤਣਾ ਪੈਂਦਾ ਹੈ।

ਇਸ ਤਰ੍ਹਾਂ ਤ੍ਰੈ-ਗੁਣੀ ਮਾਇਕੀ ਮੰਡਲ ਦੇ ਦਾਇਰੇ ਅੰਦਰ 'ਸੁਖ ਦੇ ਨਾਲ-ਦੁਖ' ਇਉਂ ਚਿੰਬੜਿਆ ਹੋਇਆ ਹੈ ਜਿਵੇਂ 'ਚਾਨਣ ਪਿਛੇ ਹਨੇਰਾ' ਅਤੇ 'ਜੀਵਨ ਪਿਛੇ ਮੌਤ'।

ਇਸ ਲਈ ਜਦ ਅਸੀਂ 'ਸੁਖ' ਦੇ ਸਾਧਨ ਕਰਦੇ ਹਾਂ ਤਾਂ ਇਸ ਦੇ ਅੰਤਰਗਤ ਲੁਕੇ ਹੋਏ 'ਦੁਖ' ਲਈ ਵੀ ਸਾਨੂੰ ਤਿਆਰ ਰਹਿਣਾ ਚਾਹੀਦਾ ਹੈ।

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥ (ਪੰਨਾ-1428)

ਜਨਮੰ ਤ ਮਰਣੰ ਹਰਖੰ ਤ ਸੋਗੰ ਭੋਗੰ ਤ ਰੋਗੰ ॥
ਊਚੰ ਤ ਨੀਚੰ ਨਾਨ੍ਹਾ ਸੁ ਮੂਚੰ ॥
ਰਾਜੰ ਤ ਮਾਨੰ ਅਭਿਮਾਨੰ ਤ ਹੀਨੰ ॥
ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ ॥ (ਪੰਨਾ-1354-55)

ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥ (ਪੰਨਾ-1287)

ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ (ਪੰਨਾ-149)

ਜਿਸ ਸੁਖ ਲਈ ਅਸੀਂ ਇਤਨੀ ਵਿਦਿਆ ਅਤੇ ਵਿਗਿਆਨ ਪੜ੍ਹਦੇ ਹਾਂ ਅਤੇ ਘਾਲਣਾ ਕਰਦੇ ਹਾਂ, ਉਸੇ ਸੁਖ ਦੇ ਪਿਛੋਕੜ ਵਿਚ ਛੁਪੇ ਹੋਏ 'ਦੁਖ' ਦਾ ਆਉਣਾ ਭੀ ਲਾਜ਼ਮੀ ਹੈ।

ਦੂਜੇ ਲਫ਼ਜਾਂ ਵਿਚ , ਇਹ ਮਾਇਕੀ ਅਤੇ ਮਾਨਸਿਕ ਸੁਖ 'ਬਿਰਛ ਦੀ ਛਾਇਆ' ਯਾ 'ਬੱਦਲ' ਵਾਂਗ ਆਰਜ਼ੀ ਤੇ —

'ਭਰਮ-ਭੁਲਾਵਾ' ਹੀ ਹੈ।

ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥
ਓਹ ਬਿਨਸੈ ਉਹੁ ਮਨਿ ਪਛੁਤਾਵੈ ॥ (ਪੰਨਾ-268)

ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ ॥
ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ॥ (ਪੰਨਾ-633)
ਮੇਘ ਕੀ ਛਾਇਆ ਜੈਸੇ ਬਰਤਨਹਾਰ ॥
ਤੈਸੋ ਪਰਪੰਚੁ ਮੋਹ ਬਿਕਾਰ ॥ (ਪੰਨਾ-1145)

ਜੇਕਰ ਹਰ ਮਾਇਕੀ ਸੁਖ ਦੇ ਮਗਰੋਂ ਦੁਖ ਲਾਜ਼ਮੀ ਹੈ ਤਾਂ ਐਸੇ ਆਰਜ਼ੀ ਸੁਖ ਦੀ 'ਲਾਲਸਾ' ਭੀ—

'ਭਰਮ-ਭੁਲਾਵਾ' ਹੀ ਹੈ ।

ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ ॥
ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝਿ ਨ ਹੋਇ ॥ (ਪੰਨਾ-57)

ਸੁਖੁ ਮਾਂਗਤ ਦੁਖੁ ਆਗਲ ਹੋਇ ॥
ਸਗਲ ਵਿਕਾਰੀ ਹਾਰੁ ਪਰੋਇ ॥ (ਪੰਨਾ-222)

ਸੁਖੁ ਮਾਂਗਤ ਦੁਖੁ ਆਗੈ ਆਵੈ ॥
ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥ (ਪੰਨਾ-330)

ਤ੍ਰੈ-ਗੁਣੀ ਮਾਇਕੀ ਸਰੀਰਕ, ਮਾਨਸਿਕ ਅਤੇ ਦਿਮਾਗੀ 'ਪ੍ਰਾਪਤੀਆਂ' ਨੂੰ ਸੁਖ ਦਾ 'ਸਾਧਨ' ਸਮਝਣਾ ਭੀ ਸਾਡਾ—

'ਭਰਮ-ਭੁਲੇਖਾ' ਹੀ ਹੈ।

ਜੇਕਰ ਸਾਡੀਆਂ ਸਰੀਰਕ, ਦਿਮਾਗੀ ਅਤੇ ਮਾਨਸਿਕ ਪ੍ਰਾਪਤੀਆਂ ਨਾਲ ਸਦੀਵੀ ਅਤੇ ਸੱਚੇ ਸੁਖ ਦੀ ਪ੍ਰਾਪਤੀ ਹੋ ਸਕਦੀ ਹੁੰਦੀ ਤਾਂ ਸਾਡੀਆਂ—

ਉੱਚੀਆਂ ਵਿਦਿਅਕ ਪ੍ਰਾਪਤੀਆਂ
ਆਧੁਨਿਕ ਵਿਗਿਆਨ
ਤੀਖਣ ਬੁਧੀ
ਨਵੀਨ ਸਭਿਅਤਾ

ਨਾਲ ਹੁਣ ਤਾਂਈ ਸਮੁੱਚਾ ਸੰਸਾਰ—ਦੈਵੀ 'ਸੁਰਗ' ਬਣਿਆ ਹੁੰਦਾ, ਜਿਥੇ 'ਦੁਖ-ਕਲੇਸ਼' ਉੱਕਾ ਹੀ ਨਾ ਰਹਿੰਦਾ।

ਪਰ ਪ੍ਰਤੱਖ ਜ਼ਾਹਰ ਹੈ ਕਿ ਉਪਰ ਦਸੀਆਂ ਬੇਅੰਤ ਦਿਮਾਗੀ ਅਤੇ ਮਾਨਸਿਕ ਸਾਧਨਾਂਵਾਂ ਅਤੇ ਪ੍ਰਾਪਤੀਆਂ ਦੇ ਬਾਵਜੂਦ, ਸਮੁੱਚੀ 'ਇਨਸਾਨੀਅਤ' ਦਿਨ-ਬ-ਦਿਨ ਨਿੱਘਰਦੀ ਅਤੇ ਦੁਖੀ ਹੁੰਦੀ ਜਾਂਦੀ ਹੈ ਅਤੇ ਸਾਡੇ 'ਅਉਗਣ', ਘਟਣ ਦੀ ਬਜਾਏ, ਵਧਦੇ ਜਾ ਰਹੇ ਹਨ, ਜਿਸ ਕਾਰਣ ਸੰਸਾਰ ਵਿਚ :—

ਵੈਰ, ਵਿਰੋਧ, ਈਰਖਾ, ਰਿਸ਼ਵਤ, ਬੇਈਮਾਨੀ, ਧੋਖੇਬਾਜੀ, ਸਾੜਾ, ਕੁਲਝਣਾ, ਨਿੰਦਾ, ਚੁਗਲੀ, ਝੂਠ, ਫ਼ਰੇਬ, ਖ਼ੁਦਗਰਜ਼ੀ, ਦੁਖ, ਕਲੇਸ਼, ਅਸ਼ਾਂਤੀ, ਡਰ, ਚਿੰਤਾ, ਦਵੈਤ, ਬਦਲੇ ਦੀ ਭਾਵਨਾ, ਤਅੱਸੁਬ, ਜ਼ੁਲਮ, ਲੜਾਈ, ਝਗੜੇ, ਧੜੇਬਾਜੀ, ਵਿਸ਼ਵਾਸ ਘਾਤ, ਖੋਹਾ-ਖਾਹੀ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਤ੍ਰਿਸ਼ਨਾ, ਮੈਂ-ਮੇਰੀ, ਆਦਿ, ਦਾ ਬੋਲਬਾਲਾ ਅਤੇ ਵਰਤ-ਵਰਤਾਰਾ 'ਜ਼ੋਰਾਂ' ਤੇ ਪ੍ਰਵਿਰਤ ਹੈ।

ਸਾਡੀ ਸਰੀਰਕ 'ਸਿਹਤ' ਅਤੇ ਮਾਨਸਿਕ 'ਕੁਸ਼ਲਤਾ' ਦਾ ਭੀ ਏਹੋ ਹਾਲ ਹੈ।

ਜਿਉਂ-ਜਿਉਂ ਸਾਡੀ ਚਕਿਤਸਾ ਵਿਗਿਆਨ (medical science) ਦਾ ਵਿਕਾਸ ਹੋ ਰਿਹਾ ਹੈ, ਤਿਉਂ-ਤਿਉਂ ਸੰਸਾਰ ਵਿਚ ਸਰੀਰਕ ਬੀਮਾਰੀਆਂ ਵੀ ਵੱਧ ਰਹੀਆਂ ਹਨ ਅਤੇ ਨਾਲ ਹੀ ਮਾਨਸਿਕ ਬੀਮਾਰੀਆਂ (mental diseases) ਦਾ ਵਾਧਾ ਹੋ ਰਿਹਾ ਹੈ। ਇਸੇ ਕਾਰਣ—

ਬਲੱਡ ਪਰੈਸ਼ਰ (blood pressure)
ਮਾਨਸਿਕ ਤਨਾਓ (nervous tension)
ਨਸਾਂ ਦੀ ਕਮਜ਼ੋਰੀ (neuras thenia)
ਦਿਮਾਗੀ ਦੌਰਾ (hysteria)
ਮਿਰਗੀ (epilepsy)
ਨਸਾਂ ਦਾ ਰੋਗ (nervous ailments)
ਪਾਗਲ ਪਣ (insanity)

ਆਦਿ, ਅਤੀ ਮੋਹਲਕ ਬਿਮਾਰੀਆਂ ਵੀ ਵੱਧ ਰਹੀਆਂ ਹਨ।

"ਮਰਜ਼ ਬੜ੍ਹਤੀ ਗਈ ਜੂੰ ਜੂੰ ਦਵਾ ਕੀ"

ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਵਿਦਿਆ ਅਥਵਾ ਵਿਗਿਆਨ ਨਹੀਂ ਪੜ੍ਹਨੀ ਯਾ ਵਿਗਿਆਨਕ ਪ੍ਰਾਪਤੀਆਂ ਤੋਂ ਲਾਹਾ ਨਹੀਂ ਲੈਣਾ—ਪਰ ਨਿਰੀਆਂ ਪੁਰੀਆਂ ਦਿਮਾਗੀ, ਵਿਦਿਅਕ ਅਤੇ ਵਿਗਿਆਨਕ ਪ੍ਰਾਪਤੀਆਂ ਨੂੰ ਹੀ ਸਦੀਵੀ ਸੁਖ ਦਾ ਨਿਰੋਲ ਤੇ ਕੇਵਲ ਸਾਧਨ ਸਮਝ ਕੇ ਇਸੇ ਵਿਚ ਹੀ ਗਲਤਾਨ ਅਤੇ ਮਸਤ ਰਹਿਣਾ ਸਾਡੀ ਵੱਡੀ 'ਭੁਲ' ਹੈ ਅਤੇ—

'ਭਰਮ-ਭੁਲੇਖਾ' ਹੈ ।

ਗੁਰਬਾਣੀ ਅਨੁਸਾਰ ਸੱਚੇ-ਸੁੱਚੇ, ਸਦੀਵੀ, ਅਟੱਲ ਸੁਖ ਦੀ ਪ੍ਰਾਪਤੀ ਲਈ ਇਕੋ-ਇਕ ਸਾਧਨ ਕੇਵਲ ਆਤਮਿਕ 'ਤਤ-ਗਿਆਨ' ਅਥਵਾ 'ਨਾਮ' ਅਥਵਾ 'ਪ੍ਰਭੂ ਸ਼ਰਣ' ਹੀ ਦਸਿਆ ਗਿਆ ਹੈ—

ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥ (ਪੰਨਾ-136)

ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ॥ (ਪੰਨਾ-630)

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥ (ਪੰਨਾ-1427)

ਪ੍ਰਭ ਕੀ ਸਰਣਿ ਸਗਲ ਭੈ ਲਾਥੇ
ਦੁਖ ਬਿਨਸੇ ਸੁਖੁ ਪਾਇਆ ॥ (ਪੰਨਾ-615)

ਨਾਮੁ ਧਿਆਵੈ ਸਰਬ ਫਲ ਪਾਵੈ ਸੋ ਜਨੁ ਸੁਖੀਆ ਹੂਆ॥ (ਪੰਨਾ-407)

ਸਰਬ ਖੇਮ ਕਲਿਆਣ ਨਿਧਿ ਰਾਮ ਨਾਮੁ ਜਪਿ ਸਾਰੁ ॥ (ਪੰਨਾ-297)

ਜਿਸ ਤਰ੍ਹਾਂ—ਸੂਰਜ ਦੀ ਰੋਸ਼ਨੀ ਆਉਣ ਤੇ 'ਹਨੇਰ' ਅਤੇ ਉਸ ਵਿਚੋਂ ਉਪਜੇ ਸਾਰੇ 'ਦੁਖ-ਕਲੇਸ਼', 'ਭਰਮ-ਭੁਲੇਖੇ' ਆਪੇ ਛਾਈਂ-ਮਾਈਂ ਹੋ ਜਾਂਦੇ ਹਨ—ਕਢਣ ਦੀ ਖੇਚਲ ਨਹੀਂ ਕਰਨੀ ਪੈਂਦੀ।

ਉਸੇ ਤਰ੍ਹਾਂ—ਮਨ ਦੇ ਅੰਦਰ 'ਆਤਮ-ਪ੍ਰਕਾਸ਼' ਅਥਵਾ 'ਨਾਮ' ਉਦੇ ਹੋਣ ਤੇ ਸਾਡੇ ਸਾਰੇ ਮਾਨਸਿਕ 'ਭਰਮ-ਭੁਲੇਖੇ' ਆਪੂੰ-ਸਹਿਜ-ਸੁਭਾਇ 'ਉਡ-ਪੁਡ' ਜਾਂਦੇ ਹਨ।

ਪਰ ਸਾਡੀ ਤੀਖਣ ਬੁਧੀ ਅਤੇ ਵਿਗਿਆਨਕ ਚਮਤਕਾਰਾਂ ਨਾਲ ਚੁੰਧਿਆਇਆ ਹੋਇਆ 'ਮਨ' ਇਹਨਾਂ ਗੁਰਬਾਣੀ ਦੇ ਸੱਚੇ-ਸੁੱਚੇ ਉਪਦੇਸ਼ਾਂ ਨੂੰ ਮੰਨਣ ਲਈ ਤਿਆਰ ਹੀ ਨਹੀਂ, ਯਾ ਓਪਰੇ ਜਿਹੇ ਮਨ ਨਾਲ ਹੀ 'ਹਾਮੀ' ਭਰ ਛੱਡਦਾ ਹੈ, ਯਾ ਜਾਣ ਬੁਝ ਕੇ 'ਮਚਲਾ' ਹੋਇਆ ਹੋਇਆ ਹੈ।

ਸਾਡੇ ਮਨ ਦੀ ਇਹ ਅਗਿਆਨਤਾ ਦੀ ਅਵਸਥਾ ਹੀ ਮਾਨਸਿਕ 'ਭਰਮਗੜ੍ਹ' ਦੇ ਅੰਧਕਾਰ ਦਾ—

'ਭਰਮ ਭੁਲੇਖਾ' ਹੈ।

ਇਸ ਤਰ੍ਹਾਂ ਆਤਮਿਕ 'ਤਤ-ਗਿਆਨ' ਅਥਵਾ 'ਨਾਮ' ਤੋਂ ਬਗੈਰ ਤ੍ਰੈ-ਗੁਣੀ ਮਾਇਕੀ ਮੰਡਲ ਦੇ 'ਹਉਂ-ਧਾਰੀ'—

ਖਿਆਲ, ਸੋਚਣੀ, ਰੀਝਾਂ, ਚਾਓ, ਨਿਸਚੇ, ਸ਼ਰਧਾ, ਭਾਵਨੀ, ਮੋਹ, ਪ੍ਰੀਤ, ਪਿਆਰ, ਵਰਤਾਵਾ, ਵਿਦਿਆ, ਵਿਗਿਆਨ, ਕਰਮ, ਧਰਮ, ਕ੍ਰਿਆ, ਪ੍ਰਚਾਰ, ਪ੍ਰਾਪਤੀਆਂ, ਵਡਪੁਣਾ, ਜੀਵਨ, ਜੀਵਨ-ਸੇਧ, ਜੰਮਣ, ਮਰਣ ਆਦਿ, ਸਭ ਕੁਝ, 'ਬਿਰਛ ਦੀ ਛਾਇਆ' ਵਾਂਗ—

ਆਰਜ਼ੀ, ਦੁਖਾਂ ਦਾ ਕਾਰਣ, ਕਲੇਸ਼ਾਂ ਦਾ ਮੁੱਢ, ਅਗਿਆਨਤਾ ਦਾ ਅੰਧ ਗੁਬਾਰ, ਨਰਕ ਘੋਰ ਕਾ ਦੁਆਰਾ, ਅਤੇ ਮਾਨਸਿਕ 'ਭਰਮ-ਭੁਲਾਵਾ' ਹੀ ਹੈ।

ਸਾਧੋ ਇਹੁ ਜਗੁ ਭਰਮ ਭੁਲਾਨਾ ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥ (ਪੰਨਾ-684)

ਹੈਰਾਨੀ ਦੀ ਗੱਲ ਇਹ ਹੈ ਕਿ ਇਤਨੇ—

ਧਰਮਾਂ, ਧਰਮ ਗ੍ਰੰਥਾਂ, ਧਰਮ ਪ੍ਰਚਾਰ, ਨਵੀਨ ਵਿਦਿਆ, ਵਿਗਿਆਨਕ ਪ੍ਰਾਪਤੀਆਂ ਦੇ ਬਾਵਜੂਦ ਸਾਨੂੰ ਅਜੇ ਤਾਂਈ ਇਸ ਵਡੇ 'ਭਰਮ-ਗੜ੍ਹ' ਦੇ ਅੰਧ ਗੁਬਾਰ ਦੇ 'ਭਰਮ-ਭੁਲੇਖਿਆਂ' ਦਾ—

ਪਤਾ ਨਹੀਂ ਲੱਗਾ
ਭੇਦ ਨਹੀਂ ਆਇਆ

ਨਿਸਚਾ ਨਹੀਂ ਆਇਆ
ਅਣਜਾਣ ਹਾਂ
ਬੇਪ੍ਰਵਾਹ ਹਾਂ ਯਾ
ਜਾਣ ਬੁਝ ਕੇ ਮਚਲੇ ਹੋਏ ਹੋਏ ਹਾਂ !

ਅਸੀਂ ਵਿਦਿਆ ਅਤੇ ਵਿਗਿਆਨ ਦੀ ਪੜ੍ਹਾਈ ਅਤੇ ਖੋਜ ਕਰਨੀ ਹੈ ਅਤੇ ਆਪਣੇ ਮਾਇਕੀ ਜੀਵਨ ਵਿਚ ਵਿਚਰਦਿਆਂ ਹੋਇਆਂ ਇਹਨਾਂ ਤੋਂ ਲਾਭ ਲੈਣਾ ਹੈ, ਪਰ ਨਿਰੀਆਂ-ਪੁਰੀਆਂ ਇਹਨਾਂ ਦਿਮਾਗੀ—

ਵਿਦਿਅਕ ਪੜ੍ਹਾਈਆਂ
ਵਿਗਿਆਨਕ ਪ੍ਰਾਪਤੀਆਂ
ਸਿਆਣਪਾਂ
ਚਤੁਰਾਈਆਂ
ਸਰੀਰਕ ਸੁਖ
ਮਾਨਸਿਕ ਐਸ਼
ਧਾਰਮਿਕ ਗਿਆਨ
ਵਾਦ-ਵਿਵਾਦ
ਦਿਮਾਗੀ-ਫਿਲੌਸਫੀਆਂ
ਜੀਵਨ ਦੀਆਂ ਕਾਮਯਾਬੀਆਂ
ਨਵੀਨ ਸਭਿਅਤਾ

ਨੂੰ ਹੀ 'ਜੀਵਨ-ਅਧਾਰ' ਅਤੇ 'ਜੀਵਨ-ਮਨੋਰਥ' ਸਮਝ ਕੇ ਇਹਨਾਂ ਵਿਚ ਹੀ 'ਗ੍ਰਸੇ ਰਹਿਣਾ' ਸਾਡਾ ਮਾਨਸਿਕ—

'ਭਰਮ-ਭੁਲਾਵਾ' ਹੈ।

ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ ॥ (ਪੰਨਾ-396)

ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥ (ਪੰਨਾ-655)

ਗਿਆਨੁ ਧਿਆਨੁ ਸਭੁ ਕੋਈ ਰਵੈ ॥
ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥ (ਪੰਨਾ-728)

ਗਿਆਨੁ ਗਿਆਨੁ ਕਥੈ ਸਭੁ ਕੋਈ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ (ਪੰਨਾ-831)

ਮਨਮੁਖੁ ਗਿਆਨੁ ਕਥੇ ਨ ਹੋਈ ॥
ਫਿਰਿ ਫਿਰਿ ਆਵੈ ਠਉਰ ਨ ਕੋਈ ॥ (ਪੰਨਾ-1051)

ਵਿਣੁ ਗੁਰ ਸਬਦ ਗਿਆਨੁ ਹੈ ਫਿਕਾ ਆਲਾਉ । (ਵਾ.ਭਾ.ਗੁ.27/17)

ਇਸ ਤਰ੍ਹਾਂ ਮਾਇਕੀ ਅਤੇ ਮਾਨਸਿਕ ਪ੍ਰਾਪਤੀਆਂ ਵਿਚ ਹੀ ਗਲਤਾਨ ਹੋ ਕੇ ਆਤਮਿਕ 'ਜੀਵਨ ਸੇਧ' ਨੂੰ 'ਭੁਲਣਾ' ਹੀ ਸਾਡਾ—

'ਭਰਮ-ਭੁਲੇਖਾ' ਹੈ ।

ਕਾਮਣਿ ਪਿਰਹੁ ਭੁਲੀ ਜੀਉ ਮਾਇਆ ਮੋਹਿ ਪਿਆਰੇ ॥
ਝੂਠੀ ਝੂਠਿ ਲਗੀ ਜੀਉ ਕੂੜਿ ਮੁਠੀ ਕੂੜਿਆਰੇ ॥ (ਪੰਨਾ-244)

ਰਾਜ ਰੰਗ ਮਾਇਆ ਬਿਸਥਾਰ ॥ ਇਨ ਤੇ ਕਹਹੁ ਕਵਨ ਛੁਟਕਾਰ ॥
ਅਸੁ ਹਸਤੀ ਰਥ ਅਸਵਾਰੀ ॥ ਝੂਠਾ ਡੰਫੁ ਝੂਠੁ ਪਾਸਾਰੀ ॥
ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ ॥
ਨਾਮੁ ਬਿਸਾਰਿ ਨਾਨਕ ਪਛੁਤਾਨਾ ॥ (ਪੰਨਾ-288)

ਆਸਾ ਭਰਮ ਬਿਕਾਰ ਮੋਹ ਇਨ ਮਹਿ ਲੋਭਾਨਾ ॥
ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ ॥ (ਪੰਨਾ-815)

ਜਿਥੇ ਅਸੀਂ ਮਾਇਕੀ ਵਿਦਿਆ ਅਤੇ ਵਿਗਿਆਨ ਦੀ ਪੜ੍ਹਾਈ ਕਰਨੀ ਹੈ, ਉਸ ਦੇ ਨਾਲ-ਨਾਲ ਆਪਣੇ ਅਸਲੀ ਅਤੇ ਸੱਚੇ 'ਜੀਵਨ ਮਨੋਰਥ' ਨੂੰ ਯਾਦ ਰਖਣਾ ਹੈ ਅਤੇ ਇਸ ਆਤਮਿਕ 'ਜੀਵਨ ਸੇਧ' ਲਈ ਉਦੱਮ ਭੀ ਕਰਨਾ ਹੈ।

ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ॥
ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥ (ਪੰਨਾ-1245)

ਇਨ੍ਹਾਂ ਪੰਗਤੀਆਂ ਦਾ ਮਤਲਬ ਇਹ ਹੈ ਕਿ ਜੋ ਸਾਨੂੰ ਦਿਮਾਗੀ 'ਅਕਲ' ਰਬ ਨੇ ਬਖਸ਼ੀ ਹੈ। ਉਸ ਨੂੰ ਨਿਰੇ-ਪੁਰੇ ਮਾਇਕੀ ਅਤੇ ਮਾਨਸਿਕ ਪੜ੍ਹਾਈਆਂ ਅਤੇ ਫ਼ਿਲਾਸਫ਼ੀਆਂ ਦੇ ਵਾਦ-ਵਿਵਾਦ ਅਤੇ ਪ੍ਰਾਪਤੀਆਂ ਵਿਚ ਹੀ ਜ਼ਾਇਆ ਨਹੀਂ ਕਰਨਾ, ਬਲਕਿ ਇਸੇ 'ਅਕਲ' ਨਾਲ ਆਪਣੇ 'ਸਾਹਿਬ' ਅਥਵਾ ਪਰਮਾਤਮਾ ਨੂੰ ਯਾਦ ਕਰਨਾ ਹੈ ਅਤੇ ਉਸ ਦੀ ਦਰਗਾਹ ਵਿਚ 'ਮਾਣ' ਪ੍ਰਾਪਤ ਕਰਨਾ ਹੈ। ਇਸ ਤਰ੍ਹਾਂ ਬਖਸ਼ੀ ਹੋਈ 'ਅਕਲ' ਨਾਲ 'ਬ੍ਰਹਮ ਗਿਆਨ' ਨੂੰ ਬੁਝਣਾ ਹੈ ਅਤੇ ਆਤਮਿਕ ਗਿਆਨ ਅਥਵਾ 'ਨਾਮ' ਦੀ ਰੋਸ਼ਨੀ ਵਿਚ ਆਪਣਾ ਤਨ-ਮਨ-ਧਨ ਗੁਰੂ ਨੂੰ ਸੌਂਪ ਕੇ, ਆਤਮਿਕ ਪ੍ਰਕਾਸ਼ ਨਾਲ ਰੁਸ਼ਨਾਈ ਹੋਈ 'ਅਕਲ' ਅਥਵਾ 'ਬਿਬੇਕ ਬੁਧੀ' ਦੇ ਜ਼ਰੀਏ ਆਤਮਿਕ 'ਤਤ-ਗਿਆਨ' ਦਾ 'ਦਾਨ' ਕਰਨਾ ਹੈ। ਗੁਰੂ ਬਾਬੇ ਨੇ ਸਾਫ਼ ਤੌਰ ਤੇ ਦਸਿਆ ਹੈ ਕਿ 'ਪਰਮਾਰਥ' ਅਥਵਾ 'ਆਤਮਿਕ ਪੰਧ' ਦਾ ਇਹੋ ਇਕੋ ਇਕ 'ਸਾਧਨ' ਹੈ।

'ਆਤਮਿਕ ਪ੍ਰਕਾਸ਼' ਅਥਵਾ 'ਨਾਮ' ਤੋਂ ਬਗੈਰ ਨਿਰੀਆਂ-ਪੁਰੀਆਂ ਪਦਾਰਥਿਕ, ਵਿਦਿਅਕ, ਵਿਗਿਆਨਕ ਅਤੇ ਸਮਾਜਿਕ ਪੜ੍ਹਾਈਆਂ ਅਤੇ ਪ੍ਰਾਪਤੀਆਂ ਮਾਇਕੀ 'ਸ਼ੈਤਾਨ' ਹੀ ਹਨ, ਜੋ ਸਾਨੂੰ 'ਆਤਮਿਕ ਜੀਵਨ ਮਨੋਰਥ' ਤੋਂ ਦੁਰਾਡੇ ਲੈ ਜਾਂਦੀਆਂ ਹਨ।

ਦੂਜੇ ਲਫ਼ਜ਼ਾਂ ਵਿਚ ਸਾਡੇ ਜੀਵਨ ਦੇ ਦੋ ਪੱਖ ਹਨ—

1.—'ਆਤਮਿਕ ਜੀਵਨ' ਨੂੰ 'ਭੁਲਾ ਕੇ' ਯਾ ਬੇ-ਪ੍ਰਵਾਹ ਅਥਵਾ ਮਨਮੁਖ ਹੋ ਕੇ—ਨਿਰੇ-ਪੁਰੇ ਮਾਇਕੀ ਜੀਵਨ ਵਿਚ ਗਲਤਾਨ ਹੋਣਾ।

ਮਨਮੁਖੁ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ ॥
ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ ॥ (ਪੰਨਾ-511)

ਭਰਣ ਪੋਖਣ ਸੰਗਿ ਅਉਧ ਬਿਹਾਣੀ ॥
ਜੈ ਜਗਦੀਸ ਕੀ ਗਤਿ ਨਹੀ ਜਾਣੀ ॥ (ਪੰਨਾ-743-44)

ਧ੍ਰਿਗੁ ਏਹ ਆਸਾ ਦੂਜੇ ਭਾਵ ਕੀ ਜੋ ਮੋਹਿ ਮਾਇਆ ਚਿਤੁ ਲਾਏ ॥
ਹਰਿ ਸੁਖੁ ਪਲ੍ਹਰਿ ਤਿਆਗਿਆ ਨਾਮੁ ਵਿਸਾਰਿ ਦੁਖੁ ਪਾਏ ॥
ਮਨਮੁਖ ਅਗਿਆਨੀ ਅੰਧੁਲੇ
ਜਨਮਿ ਮਰਹਿ ਫਿਰਿ ਆਵੈ ਜਾਏ ॥ (ਪੰਨਾ-850-51)

ਇਸੁ ਜਗ ਮਹਿ ਮੋਹੁ ਹੈ ਪਾਸਾਰਾ ॥
ਮਨਮੁਖੁ ਅਗਿਆਨੀ ਅੰਧੁ ਅੰਧਾਰਾ ॥
ਧੰਧੈ ਧਾਵਤੁ ਜਨਮੁ ਗਵਾਇਆ
ਬਿਨੁ ਨਾਵੈ ਦੁਖੁ ਪਾਇਆ ॥ (ਪੰਨਾ-1067)

ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ ॥
ਮਨਮੁਖਿ ਅਸਥਿਰੁ ਨਾ ਥੀਐ
ਮਰਿ ਬਿਨਸਿ ਜਾਇ ਖਿਨ ਵਾਰ ॥ (ਪੰਨਾ-1417)

2.—ਮਾਇਕੀ ਜੀਵਨ ਦੇ ਨਾਲ ਨਾਲ ਆਤਮਿਕ ਜੀਵਨ ਦੀ ਪੜ੍ਹਾਈ ਅਤੇ ਖੋਜ ਕਰਨੀ।

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥ (ਪੰਨਾ-1375-76)

ਮੁਖ ਕੀ ਬਾਤ ਸਗਲ ਸਿਉ ਕਰਤਾ ॥
ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥ (ਪੰਨਾ-384)

ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ ॥
ਆਵਤ ਜਾਤ ਬਾਰ ਖਿਨੁ ਲਾਗੈ
ਹਉ ਤਬ ਲਗੁ ਸਮਾਰਉ ਨਾਮੁ ॥ (ਪੰਨਾ-368)

ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥
ਤਿਸਹਿ ਧਿਆਇ ਸਦਾ ਮਨ ਅੰਦਰਿ ॥
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥
ਆਠ ਪਹਰ ਸਿਮਰਹੁ ਤਿਸੁ ਰਸਨਾ ॥
ਜਿਹ ਪ੍ਰਸਾਦਿ ਰੰਗ ਰਸ ਭੋਗ ॥
ਨਾਨਕ ਸਦਾ ਧਿਆਈਐ ਧਿਆਵਨ ਜੋਗ ॥ (ਪੰਨਾ–269)

ਪਹਿਲੀ ਅਵਸਥਾ ਵਿਚ ਅਸੀਂ 'ਮਨਮੁਖ' ਹੋ ਜਾਂਦੇ ਹਾਂ ਅਤੇ ਮਾਇਆ ਵਿਚ ਗਲਤਾਨ ਹੋ ਕੇ ਦੁਖ–ਸੁਖ ਭੋਗਦੇ ਹਾਂ ਅਤੇ ਆਵਾਗਵਨ ਵਿਚ ਵਿਚਰਦਿਆਂ ਸਾਡੇ 'ਹਾਵੇ' ਕਦੇ ਨਹੀਂ ਮੁਕਦੇ।

ਤੁਧਹੁ ਭੁਲੇ ਸਿ ਜਮਿ ਜਮਿ ਮਰਦੇ
ਤਿਨ ਕਦੇ ਨ ਚੁਕਨਿ ਹਾਵੇ ॥ (ਪੰਨਾ–961)

ਜਮਿ ਜਮਿ ਮਰੈ ਮਰੈ ਫਿਰ ਜੰਮੈ ॥
ਬਹੁਤੁ ਸਜਾਇ ਪਇਆ ਦੇਸਿ ਲੰਮੈ ॥
ਜਿਨਿ ਕੀਤਾ ਤਿਸੈ ਨ ਜਾਣੀ ਅੰਧਾ
ਤਾ ਦੁਖੁ ਸਹੈ ਪਰਾਣੀਆ ॥ (ਪੰਨਾ–1020)

ਦੂਜੀ ਅਵਸਥਾ ਵਿਚ 'ਜੀਵ' ਆਪਣੇ ਕਰਤੇ ਦੀਆਂ ਬਖਸ਼ੀਆਂ ਹੋਈਆ ਮਾਇਕੀ ਦਾਤਾਂ ਮਾਣਦਾ ਹੋਇਆ ਭੀ, ਇਸ ਵਿਚ ਗ੍ਰਸਤ ਅਥਵਾ ਖੱਚਤ ਨਹੀਂ ਹੁੰਦਾ ਅਤੇ ਆਪਣੇ 'ਦਾਤੇ' ਅਕਾਲ ਪੁਰਖ ਨੂੰ ਭੀ ਯਾਦ ਰਖਦਾ ਹੈ । ਇਸ ਤਰ੍ਹਾਂ ਇਹ ਗੁਰਮੁਖ :—

'ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥ (ਪੰਨਾ–292–93)

ਵਾਲੀ ਅਵਸਥਾ ਪ੍ਰਾਪਤ ਕਰਦੇ ਹਨ ।

ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ ॥
ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ ॥ (ਪੰਨਾ–30)

ਹਲਤੁ ਪਲਤੁ ਦੁਇ ਲੇਹੁ ਸਵਾਰਿ ॥
ਰਾਮੁ ਨਾਮੁ ਅੰਤਰਿ ਉਰਿ ਧਾਰਿ ॥ (ਪੰਨਾ–293)

ਹਲਤਿ ਪਲਤਿ ਮੁਖੁ ਊਜਲਾ ਨਹ ਪੋਹੈ ਤਿਸੁ ਮਾਇ ॥ (ਪੰਨਾ–300)

ਹਲਤਿ ਪਲਤਿ ਰਾਮ ਨਾਮਿ ਸੁਹੇਲੇ ਗੁਰਮੁਖਿ ਕਰਣੀ ਸਾਰੀ ॥ (ਪੰਨਾ–443)

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ (ਪੰ.–522)

ਰਾਮ ਕੇ ਗੁਨ ਗਾਉ ॥
ਹਲਤੁ ਪਲਤੁ ਹੋਹਿ ਦੋਵੈ ਸੁਹੇਲੇ ਅਚਰਜ ਪੁਰਖੁ ਧਿਆਉ ॥(ਪੰ.–895)

ਇਸ ਵਿਚਾਰ ਦਾ ਜ਼ਰੂਰੀ ਨੁਕਤਾ 'ਮਾਇਆ ਦੇ ਪਤੀ' ਅਕਾਲ ਪੁਰਖ ਨੂੰ ਯਾਦ ਕਰਨਾ ਅਥਵਾ 'ਸਿਮਰਨ' ਕਰਨਾ ਹੈ।

ਜੇ ਅਸੀਂ 'ਦਾਤੇ' ਦੀ ਯਾਦ ਵਿਚ ਉਸਦੀਆਂ ਦਾਤਾਂ ਨੂੰ ਮਾਣਦੇ ਹਾਂ ਤਾਂ—

1. ਇਕ ਪਾਸੇ 'ਮਾਇਕੀ ਜੀਵਨ ਦਾ ਸੁਖ' ਅਤੇ

2. ਦੂਜੇ ਪਾਸੇ 'ਤਤ-ਗਿਆਨ' ਦਾ ਪ੍ਰਕਾਸ਼ ਅਥਵਾ 'ਨਾਮ' ਦਾ ਆਨੰਦ ਮਾਣਦੇ ਹਾਂ।

ਇਸ ਤਰ੍ਹਾਂ ਸਾਡੇ ਦੋਹਾਂ ਹਥਾਂ ਵਿਚ 'ਲੱਡੂ' ਹੁੰਦੇ ਹਨ ।

ਜੇ 'ਦਾਤੇ' ਨੂੰ ਭੁਲਾ ਕੇ 'ਮਾਇਆ' ਦੀਆਂ ਦਾਤਾਂ ਭੋਗਦੇ ਹਾਂ ਤਾਂ ਇਹੋ ਮਾਇਆ 'ਨਾਗਨੀ' ਬਣ ਕੇ ਸਾਨੂੰ ਖਾਂਦੀ ਹੈ ਅਤੇ ਸਾਡਾ ਜੀਵਨ ਦੁਖਦਾਈ ਬਣਿਆ ਰਹਿੰਦਾ ਹੈ।

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥ (ਪੰਨਾ–510)

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥ (ਪੰ.–643)

ਇਸ ਤਰ੍ਹਾਂ ਆਪਣੇ ਕੇਂਦਰ ਅਥਵਾ ਅਕਾਲ ਪੁਰਖ ਨੂੰ 'ਭੁਲਣਾ' ਅਥਵਾ 'ਬੇਮੁਖ ਹੋਣਾ' ਹੀ ਸਾਡੀ ਮੁੱਢਲੀ ਅਤੇ ਦੀਰਘ ਭੁਲ ਯਾ—

'ਭਰਮ-ਭੁਲਾਵਾ' ਹੈ।

ਅਸੀਂ ਪਰਦੇਸਾਂ ਵਿਚ ਕਮਾਈ ਕਰਨ ਜਾਂਦੇ ਹਾਂ ਅਤੇ ਉਥੇ ਹੀ ਸਾਰੀ ਉਮਰ ਬਤੀਤ ਕਰਦੇ ਹਾਂ। ਪਰਦੇਸਾਂ ਵਿਚ ਰਹਿੰਦਿਆਂ ਹੋਇਆਂ ਆਪਣੇ ਜੀਵਨ ਦੇ ਸੁਖ ਅਰਾਮ ਲਈ—

ਘਰ ਬਣਾਉਂਦੇ ਹਾਂ
ਬੱਚੇ ਪਾਲਦੇ ਹਾਂ
ਬੱਚਿਆਂ ਨੂੰ ਪੜ੍ਹਾਉਂਦੇ ਹਾਂ
ਓਹਨਾਂ ਨੂੰ ਕੰਮ-ਧੰਧਿਆਂ ਤੇ ਲਾਂਉਂਦੇ ਹਾਂ
ਓਹਨਾਂ ਦੀਆਂ ਸ਼ਾਦੀਆਂ ਕਰਦੇ ਹਾਂ
ਦੋਸਤ-ਮਿੱਤਰ ਬਣਾਉਂਦੇ ਹਾਂ
ਰਿਸ਼ਤੇਦਾਰੀਆਂ ਬਣਾ ਲੈਂਦੇ ਹਾਂ

ਭਾਈਚਾਰੇ ਵਿਚ ਵਰਤਦੇ ਹਾਂ
ਉਥੋਂ ਦੀ ਬੋਲੀ ਬੋਲਦੇ ਹਾਂ
ਉਥੋਂ ਦੀ ਸਭਿਅਤਾ ਸਿਖਦੇ ਹਾਂ
ਉਥੇ ਹੀ ਦਿਲ ਲਾ ਲੈਂਦੇ ਹਾਂ
ਉਥੋਂ ਦੇ ਸ਼ਹਿਰੀ (citizen) ਬਣ ਜਾਂਦੇ ਹਾਂ ।

ਇਹ ਸਭ ਕੁਝ ਕਰਦਿਆਂ ਹੋਇਆਂ ਵੀ ਅਸੀਂ ਆਪਣੀ ਪੁਰਾਣੀ 'ਸੰਸਕ੍ਰਿਤੀ' ਅਤੇ ਸਭਿਅਤਾ ਨੂੰ ਨਹੀਂ ਛਡਦੇ ਅਤੇ ਆਪਣੇ 'ਨਿਜੀ ਦੇਸ਼' ਅਤੇ 'ਕੌਮ' ਨੂੰ ਨਹੀਂ ਭੁਲਦੇ। ਸਾਡੇ ਅੰਦਰ ਆਪਣੇ ਅਸਲੀ 'ਦੇਸ਼' ਅਤੇ 'ਕੌਮ' ਦੀ 'ਖਿਚ' ਬਣੀ ਰਹਿੰਦੀ ਹੈ ਅਤੇ ਜਦ ਵੀ ਸਾਨੂੰ ਮੌਕਾ ਮਿਲਦਾ ਹੈ ਅਸੀਂ ਆਪਣੇ 'ਦੇਸ਼' ਨੂੰ ਫੇਰੀਆਂ ਪਾਉਂਦੇ ਹਾਂ ਅਤੇ ਆਪਣੇ 'ਨਿਜ ਘਰ' ਅਤੇ ਸੰਗੀਆਂ, ਸਾਥੀਆਂ ਅਤੇ ਸੰਬੰਧੀਆਂ ਨੂੰ ਮਿਲ ਕੇ ਪੁਰਾਣੀਆਂ ਮਿਠੀਆਂ ਅਤੇ ਨਿੱਘੀਆਂ, ਯਾਦਾਂ ਤਾਜ਼ਾ ਕਰਦੇ ਹਾਂ, ਜਿਸ ਨਾਲ ਮਨ ਨੂੰ ਅਤਿ ਖੁਸ਼ੀ ਪ੍ਰਾਪਤ ਹੁੰਦੀ ਹੈ ।

ਪਰ ਪਰਦੇਸਾਂ ਵਿਚ ਰਹਿੰਦਿਆਂ ਹੋਇਆਂ ਸਾਡੀ 'ਔਲਾਦ', ਦੋ-ਤਿੰਨ ਪੀੜੀਆਂ ਪਿਛੋਂ, ਆਪਣੇ ਨਸਲੀ 'ਨਿਜ ਦੇਸ਼' ਤੋਂ ਬੇਪ੍ਰਵਾਹ ਹੋ ਜਾਂਦੀ ਹੈ ਅਤੇ ਆਪਣੇ ਨਵੇਂ ਦੇਸ਼ ਦੇ ਪੱਕੇ ਵਾਸੀ ਹੋ ਜਾਂਦੇ ਹਨ ਤੇ ਉਥੋਂ ਦੇ ਰਸਮ-ਰਿਵਾਜ ਅਤੇ ਸਭਿਅਤਾ ਵਿਚ ਹੀ 'ਰਚ-ਮਿਚ' ਜਾਂਦੇ ਹਨ। ਜੇਕਰ ਇਹਨਾਂ ਨੂੰ ਓਹਨਾਂ ਦੇ 'ਪਿਤਰੀ-ਦੇਸ਼' ਯਾ 'ਸਭਿਅਤਾ' ਬਾਬਤ ਜ਼ਿਕਰ ਕਰੀਏ ਤਾਂ ਉਹਨਾਂ ਨੂੰ ਕੋਈ ਦਿਲਚਸਪੀ ਨਹੀਂ ਹੁੰਦੀ ਬਲਕਿ ਓਪਰੇ ਜਿਹੇ ਮਨ ਨਾਲ ਹੀ ਹਾਮੀ ਭਰਦੇ ਹਨ।

ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥ (ਪੰਨਾ-767)

ਐਨ ਏਸੇ ਤਰ੍ਹਾਂ ਕਾਇਨਾਤ ਦੇ ਸਾਰੇ 'ਜੀਵ' — 'ਬ੍ਰਹਮ-ਮੰਡਲ', 'ਬੇਗਮਪੁਰਾ' ਅਥਵਾ 'ਸਚ-ਖੰਡ' ਦੇ ਸ਼ਹਿਰੀ ਹਨ ਅਤੇ 'ਮਾਇਕੀ-ਮੰਡਲ' ਵਿਚ ਇਲਾਹੀ ਹੁਕਮ ਅਨੁਸਾਰ ਕਿਸੇ ਮਨੋਰਥ ਲਈ ਆਏ ਹਨ।

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ (ਪੰਨਾ-12)

ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥
ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥ (ਪੰਨਾ-13)

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥ (ਪੰਨਾ-43)

ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥
ਮਾਨਸ ਜਨਮ ਕਾ ਏਹੀ ਲਾਹੁ ॥ (ਪੰਨਾ-1159)

ਆਇਓ ਸੁਨਨ ਪੜਨ ਕਉ ਬਾਣੀ ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥ (ਪੰ.–1219)

'ਬ੍ਰਹਮ–ਮੰਡਲ' ਹੀ ਸਾਰਿਆਂ ਜੀਵਾਂ ਦਾ ਅਸਲੀ, ਸਚਾ, 'ਨਿਜੀ' ਦੇਸ਼ ਹੈ, ਅਤੇ ਮਾਇਕੀ ਮੰਡਲ 'ਪਰਦੇਸ' ਹੈ।

ਇਸ ਮਾਇਕੀ ਮੰਡਲ ਵਿਚ ਕਈਆਂ ਜਨਮਾਂ ਤੋਂ ਵਿਚਰਦਿਆਂ ਹੋਇਆਂ ਸਹਜੇ–ਸਹਜੇ ਸਾਨੂੰ ਆਪਣਾ ਅਸਲੀ 'ਨਿਜ ਦੇਸ਼' ਅਥਵਾ 'ਬ੍ਰਹਮ–ਮੰਡਲ' ਉੱਕਾ ਹੀ 'ਭੁਲ' ਗਿਆ ਹੈ । 'ਕੂੜੇ ਸੰਸਾਰ' ਰੂਪੀ 'ਪਰਦੇਸ' ਨੂੰ ਆਪਣਾ 'ਨਿਜੀ ਦੇਸ਼' ਸਮਝ ਕੇ, ਇਸੇ ਵਿਚ ਹੀ 'ਖੱਚਤ', 'ਗ੍ਰਸਤ' ਅਥਵਾ 'ਗਵਾਚੇ' ਹੋਏ ਹਾਂ।

ਗੁਰਬਾਣੀ ਵਿਚ ਸਾਡੀ ਇਸ ਅਧੋਗਤੀ ਬਾਬਤ ਇਉਂ ਤਾੜਨਾ ਕੀਤੀ ਹੈ —

ਜੋ ਘਰਿ ਛਡਿ ਗਵਾਵਣਾ ਸੋ ਲਗਾ ਮਨ ਮਾਹਿ ॥
ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ ॥ (ਪੰਨਾ–43)

ਲਾਜ ਨ ਮਰਹੁ ਕਹਹੁ ਘਰੁ ਮੇਰਾ ॥
ਅੰਤ ਕੀ ਬਾਰ ਨਹੀ ਕਛੁ ਤੇਰਾ ॥ (ਪੰਨਾ–325)

ਰਤਨ ਜਵੇਹਰ ਬਨਜਨਿ ਆਇਓ ਕਾਲਰੁ ਲਾਦਿ ਚਲਾਇਓ॥
ਜਿਹ ਘਰ ਮਹਿ ਤੁਧੁ ਰਹਨਾ ਬਸਨਾ ਸੋ ਘਰੁ ਚੀਤਿ ਨ ਆਇਓ ॥
(ਪੰਨਾ–1017)

ਮਨਮੁਖ ਹਉਮੈ ਮਾਇਆ ਸੂਤੇ ॥
ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ ॥ (ਪੰਨਾ–1049)

ਕਈ ਜਨਮਾਂ ਤੋਂ ਇਸ 'ਮਾਇਕੀ ਮੰਡਲ' ਵਿਚ ਵਿਚਰਦਿਆਂ ਅਤੇ ਗਲਤਾਨ ਹੁੰਦਿਆਂ ਹੋਇਆਂ ਇਹ 'ਝੂਠਾ ਸੰਸਾਰ' ਹੀ ਆਪਣਾ 'ਨਿਜ ਘਰ' ਪ੍ਰਤੀਤ ਅਤੇ ਦ੍ਰਿੜ ਹੋ ਚੁਕਿਆ ਹੈ ।

ਜਗ ਝੂਠੈ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ ॥ (ਪੰਨਾ–718)

ਸਤਿ ਹੋਤਾ ਅਸਤਿ ਕਰਿ ਮਾਨਿਆ ਜੋ ਬਿਨਸਤ ਸੋ ਨਿਹਚਲੁ ਜਾਨਥ॥
ਪਰ ਕੀ ਕਉ ਅਪਨੀ ਕਰਿ ਪਕਰੀ ਐਸੇ ਭੂਲ ਭੁਲਾਨਥ ॥ (ਪੰਨਾ–1001)

ਆਦਿ ਤੋਂ ਹੀ ਗੁਰੂਆਂ, ਅਵਤਾਰਾਂ, ਸੰਤਾਂ, ਭਗਤਾਂ ਅਤੇ ਮਹਾਂਪੁਰਖਾਂ, ਨੇ ਆਪਣੇ ਉਪਦੇਸ਼ਾਂ ਦੁਆਰਾ ਸਪਸ਼ਟ ਤੌਰ ਤੇ ਸਾਨੂੰ ਦੱਸਣ ਅਤੇ ਨਿਸਚਾ ਕਰਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਦੀਸਣਹਾਰ ਮਾਇਕੀ ਸੰਸਾਰ 'ਝੂਠਾ' ਹੈ ਅਤੇ ਜੀਵ ਲਈ 'ਪਰਦੇਸ' ਹੈ ਅਤੇ 'ਬ੍ਰਹਮ ਮੰਡਲ' ਹੀ ਜੀਵ ਦਾ ਅਸਲੀ, ਸੱਚਾ 'ਨਿਜ–ਦੇਸ਼' ਹੈ, ਜਿਸ

ਲਈ  ਜੀਵ ਨੂੰ ਪ੍ਰੇਰਨਾ ਕਰਦੇ ਆਏ ਹਨ।

ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ॥ (ਪੰਨਾ–256)

ਭਭਾ ਭਰਮੁ ਮਿਟਾਵਹੁ ਅਪਨਾ ॥
ਇਆ ਸੰਸਾਰੁ ਸਗਲ ਹੈ ਸੁਪਨਾ ॥ (ਪੰਨਾ–258)

ਮਾਇਆ ਕੇ ਮਾਤੇ ਤੈ ਉਠਿ ਚਲਨਾ ॥
ਰਾਚਿ ਰਹਿਓ ਤੂ ਸੰਗਿ ਸੁਪਨਾ ॥ (ਪੰਨਾ–889)

ਪਰ  ਇਤਨੇ — ਧਰਮਾਂ, ਧਾਰਮਿਕ ਗ੍ਰੰਥਾਂ, ਧਾਰਮਿਕ ਸੰਸਥਾਵਾਂ, ਧਾਰਮਿਕ ਉਪਦੇਸ਼ਾਂ, ਧਾਰਮਿਕ ਪ੍ਰਚਾਰ ਦੀ 'ਤਾੜਨਾਂ' ਦੇ ਬਾਵਜੂਦ, 'ਜੀਵ' ਨੂੰ ਅਜੇ ਤਾਂਈ 'ਬ੍ਰਹਮ ਮੰਡਲ' ਦੀ ਹੋਂਦ ਅਤੇ ਸਚਾਈ ਦੀ ਬਾਬਤ ਨਿਸਚਾ ਨਹੀਂ ਆਇਆ ਅਤੇ ਅਸੀਂ ਉਸੇ ਤਰ੍ਹਾਂ ਇਸ 'ਪਰਦੇਸ' ਰੂਪੀ ਝੂਠੇ ਸੰਸਾਰ ਨੂੰ ਹੀ, 'ਨਿਜ ਦੇਸ਼' ਤੇ ਸਚਾ ਸਮਝੀ ਬੈਠੇ ਹਾਂ।

ਕੋਠੇ ਮੰਡਪ ਮਾੜੀਆ ਲਗਿ ਪਏ ਗਾਵਾਰੀ ॥
ਜਿਨ੍ਹਿ ਕੀਏ ਤਿਸਹਿ ਨ ਜਾਣਨੀ ਮਨਮੁਖਿ ਗੁਬਾਰੀ ॥ (ਪੰਨਾ–788)

ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ ॥
ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ ॥ (ਪੰਨਾ–1231)

ਗੁਰਬਾਣੀ ਸੁਣ, ਪੜ੍ਹ, ਗਾ ਕੇ ਅਤੇ ਇਸਦੀ ਵਿਆਖਿਆ ਕਰਦਿਆਂ ਹੋਇਆਂ ਭੀ ਗੁਰਬਾਣੀ ਦੀ ਸੱਚਾਈ ਉਤੇ ਸਾਨੂੰ ਨਿਸਚਾ ਨਹੀਂ ਆਉਂਦਾ। ਉਂਝ ਤਾਂ ਅਸੀਂ ਧਰਮ ਦੇ ਪ੍ਰਚਾਰਕ ਅਤੇ ਠੇਕੇਦਾਰ ਬਣਕੇ 'ਭਲੇ–ਭਲੇਰੇ' ਬਣੇ ਫਿਰਦੇ ਹਾਂ, ਪਰ ਸਾਡਾ ਗੁਰਬਾਣੀ ਦੀ ਸਚਾਈ ਉਤੇ ਓਪਰਾ ਜਿਹਾ ਨਿਸਚਾ ਹੀ ਹੁੰਦਾ ਹੈ ।

ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ ॥
ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ ॥ (ਪੰਨਾ–20)

ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਇਐ ਤ੍ਰੈ ਗੁਣ ਭਰਮਿ ਭੁਲਾਇ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥(ਪੰਨਾ–68)

ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ॥ (ਪੰ.–435)

ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ ॥ (ਪੰਨਾ–492)

ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥
ਅਪਨਾ ਕਹਿਆ ਆਪਿ ਨ ਕਮਾਵੈ ॥ (ਪੰਨਾ–887)

ਇਸ ਤਰ੍ਹਾਂ  'ਝੂਠੀ ਦੁਨੀਆਂ' ਅਥਵਾ 'ਪਰਦੇਸ' ਨੂੰ ਹੀ ਆਪਣਾ 'ਨਿਜ–ਦੇਸ਼' 'ਸਮਝਣਾ' ਅਤੇ ਇਸੇ ਵਿਚ 'ਗ੍ਰਸਤ ਹੋਣਾ' ਹੀ ਸਾਡਾ ਵਡਾ ਮਾਨਸਿਕ —

'ਭਰਮ–ਭੁਲਾਵਾ' ਹੈ।

'ਬ੍ਰਹਮ-ਮੰਡਲ' ਅਥਵਾ ਆਤਮਿਕ 'ਬੇਗਮਪੁਰਾ', 'ਅਬਿਚਲ ਨਗਰ', 'ਨਿਜ-ਘਰ' ਨੂੰ 'ਭੁਲਣਾ', ਅਥਵਾ ਉਸ ਵਲੋਂ 'ਬੇਪ੍ਰਵਾਹ' ਹੋਣਾ ਹੀ ਸਾਡਾ ਵਡਾ ਮਾਨਸਿਕ —

ਭਰਮ-ਭੁਲਾਵਾ ਹੈ।

ਚੌਰਾਸੀ ਲੱਖ ਜੂਨਾਂ ਅਨਜਾਣੇ ਅਤੇ ਅਭੋਲ ਹੀ ਆਪਣੇ 'ਕਰਤੇ' — ਪ੍ਰਮੇਸ਼ਰ ਦੇ 'ਹੁਕਮ' ਵਿਚ ਵਿਚਰ ਕੇ ਜੀਵਨ ਬਿਤਾਉਂਦੀਆਂ ਹਨ ਅਤੇ ਆਪੋ-ਆਪਣੇ 'ਨਾਲ ਲਿਖੇ' ਹੁਕਮ ਅਨੁਸਾਰ ਕਰਮ-ਕ੍ਰਿਆ ਕਰਦੀਆਂ ਹਨ।

ਓਹਨਾਂ ਦੇ ਰੱਬੀ ਹੁਕਮ ਦੀ ਰਵਾਨਗੀ ਨਾਲ 'ਸੁਰ' ਕੀਤੇ ਸਾਰੇ ਕਰਮ ਸਹਜ-ਸੁਭਾਇ, ਭੋਲੇ-ਭਾਇ ਅਤੇ ਆਪ-ਮੁਹਾਰੇ ਹੀ 'ਸੇਵਾ', 'ਪਰਉਪਕਾਰ', 'ਨੇਕੀਆਂ', 'ਪੁੰਨ' ਅਤੇ ਭਲੇ ਹੀ ਹੁੰਦੇ ਹਨ। ਕਿਉਂਕਿ ਓਹਨਾਂ ਦੇ ਕਰਮਾਂ ਵਿਚ ਓਹਨਾਂ ਦੀ 'ਮੈਂ-ਮੇਰੀ' ਵਾਲੀ ਸਿਆਣਪ ਅਤੇ 'ਹਉਂਧਾਰੀ' ਮਨ-ਮਰਜ਼ੀ ਨਹੀਂ ਹੁੰਦੀ — ਜਿਸ ਕਾਰਣ ਓਹ 'ਕਰਮ-ਬੱਧ' ਨਹੀਂ ਹੁੰਦੇ ਅਤੇ ਜਮਾਂ ਦੇ ਚੀਰੇ ਵਿਚ ਨਹੀਂ ਆਉਂਦੇ ।

ਇਸ ਦੇ ਐਨ ਉਲਟ, ਸਮੂਹ ਜੂਨਾਂ ਦੇ ਸਿਰਤਾਜ 'ਇਨਸਾਨ' ਨੂੰ ਅਕਾਲ ਪੁਰਖ ਨੇ ਅਤਿਅੰਤ ਤੀਖਣ ਬੁੱਧੀ ਅਤੇ ਆਜ਼ਾਦੀ ਦੀਆਂ ਦਾਤਾਂ ਬਖਸ਼ੀਆਂ ਹਨ ।

ਪਰ ਇਨਸਾਨ ਆਪਣੀ ਤੀਬਰ 'ਮੈਂ-ਮੇਰੀ' ਵਾਲੀ ਸੂਖਮ 'ਹਉਮੈ' ਦੀ ਅਗਿਆਨਤਾ ਵਿਚ ਆਪਣੀ 'ਆਜ਼ਾਦੀ' ਅਤੇ 'ਤੀਖਣ ਬੁੱਧੀ' ਨੂੰ ਕਰਤੇ 'ਅਕਾਲ ਪੁਰਖ' ਦੀ ਰਜ਼ਾ ਦੇ ਉਲਟ ਵਰਤਦਾ ਹੈ। ਇਸ ਤਰ੍ਹਾਂ ਇਨਸਾਨ 'ਰੱਬੀ ਹੁਕਮ' ਤੋਂ 'ਬੇ-ਸੁਰਾ' ਹੋ ਕੇ ਹਉਮੈ ਦੀ ਅਗਿਆਨਤਾ ਦੇ ਅੰਧ ਗੁਬਾਰ ਵਿਚ ਕਰਮ ਕਰਦਾ ਅਤੇ ਨਤੀਜੇ ਭੁਗਤਦਾ ਹੈ।

ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ ॥ (ਪੰਨਾ-33)

ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥ (ਪੰਨਾ-68)

ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ ॥
ਬਗ ਜਿਉ ਲਾਇ ਬਹੈ ਨਿਤ ਧਿਆਨਾ ॥
ਜਮਿ ਪਕੜਿਆ ਤਬ ਹੀ ਪਛੁਤਾਨਾ ॥ (ਪੰਨਾ-230)

ਜਬ ਇਹ ਜਾਨੈ ਮੈ ਕਿਛੁ ਕਰਤਾ ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ (ਪੰਨਾ-278)

ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ ॥
ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ ॥
ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ॥ (ਪੰਨਾ-551)

ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ ॥ (ਪੰਨਾ-646)

ਜਦ ਇਨਸਾਨ 'ਸਤਸੰਗਿ' ਦੇ ਅਸਰ ਹੇਠ ਕੋਈ ਚੰਗੇਰੇ, ਉਚੇਰੇ, ਦੈਵੀ ਕਰਮ ਕਰਦਾ ਹੈ, ਤਾਂ ਉਸ ਨੂੰ ਨੇਕੀ, ਪਰਉਪਕਾਰ, ਸੇਵਾ, ਦਾਨ, ਪੁੰਨ ਕਿਹਾ ਜਾਂਦਾ ਹੈ।

ਪਰ ਇਨਸਾਨ ਦੇ ਅੰਤਿਸ਼ਕਰਨ ਵਿਚ ਜਨਮਾਂ-ਜਨਮਾਂ ਤੋਂ 'ਹਉਮੈ' ਦੀ ਅਗਿਆਨਤਾ ਦਾ 'ਭਰਮ' ਦ੍ਰਿੜ ਹੋ ਚੁਕਿਆ ਹੈ, ਇਸ ਲਈ ਇਨਸਾਨ ਦੇ ਦਾਨ, ਪੁੰਨ, ਸੇਵਾ, ਨੇਕੀਆਂ, ਪਰਉਪਕਾਰ ਆਦਿ ਭੀ 'ਹਉਮੈ' ਦੇ 'ਗੂੜੇ ਰੰਗ' ਵਿਚ 'ਰੰਗੇ ਹੁੰਦੇ ਹਨ'।

ਕੋਟਿ ਕਰਮ ਕਰੈ ਹਉ ਧਾਰੇ ॥
ਸ੍ਰਮੁ ਪਾਵੈ ਸਗਲੇ ਬਿਰਥਾਰੇ ॥ (ਪੰਨਾ-278)

ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥ (ਪੰਨਾ-466)

ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ ॥
ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥ (ਪੰਨਾ-1422)

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥ (ਪੰਨਾ-1428)

ਸਾਡੇ ਸਾਰੇ 'ਹਉਂ-ਧਾਰੀ' ਸ਼ੁਭ ਕਰਮਾਂ ਦਾ 'ਫਲ' ਸਾਨੂੰ ਇਥੇ ਹੀ 'ਵਾਹ-ਵਾਹ' ਦੇ 'ਰੂਪ' ਵਿਚ ਮਿਲ ਜਾਂਦਾ ਹੈ ; ਜੋ ਬਕਾਇਆ ਰਹਿ ਜਾਂਦਾ ਹੈ ਉਹ ਜਮਾਂ ਦੇ ਚੀਰੇ ਜਾਂ ਲੇਖੇ ਵਿਚ ਆ ਜਾਂਦਾ ਹੈ।

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ ॥ (ਪੰਨਾ-747)

ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ ॥
ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ॥
ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥ (ਪੰਨਾ-1414)

ਬੈਂਕ ਦੇ ਖਾਤੇ ਵਾਂਗ — ਇਹ ਦੋਵੇਂ ਗੁਣ-ਅਉਗਣ ਜੀਵ ਦੇ ਅੰਤਿਸ਼ਕਰਨ ਦੇ 'ਖਾਤੇ' ਵਿਚ ਨਾਲੋ-ਨਾਲ ਦਰਜ ਹੁੰਦੇ ਰਹਿੰਦੇ ਹਨ। ਇਹ 'ਖਾਤਾ' ਸਾਡੇ ਮਾਇਕੀ ਮੰਡਲ ਤਾਂਈ ਹੀ ਸੀਮਤ ਰਹਿੰਦਾ ਹੈ। ਅਗਾਂਹ ਆਤਮਿਕ 'ਪ੍ਰਕਾਸ਼ ਮੰਡਲ' ਵਿਚ ਇਹਨਾਂ 'ਹਉਂਧਾਰੀ' ਨੇਕੀਆਂ ਅਤੇ ਪਰਉਪਕਾਰ ਦੀ ਪਹੁੰਚ ਨਹੀਂ ਹੈ ਅਤੇ ਨਾ ਹੀ ਸਹਾਈ ਹੋ ਸਕਦੇ ਹਨ।

ਜੇਤੇ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀ ਤਾਰਿਓ ਰੇ ॥
ਕਰਮ ਧਰਮ ਕਰਤੇ ਬਹੁ ਸੰਜਮ
ਅਹੰਬੁਧਿ ਮਨੁ ਜਾਰਿਓ ਰੇ ॥ (ਪੰਨਾ-335)

ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥ (ਪੰਨਾ- 56)

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥
ਕੋਟਿ ਕਰਮ ਕਰਤੋ ਨਰਕਿ ਜਾਵੈ ॥ (ਪੰਨਾ-240)

ਤੀਰਥ ਨਾਇ ਨ ਉਤਰਸਿ ਮੈਲੁ ॥ ਕਰਮ ਧਰਮ ਸਭਿ ਹਉਮੈ ਫੈਲੁ॥
ਲੋਕ ਪਚਾਰੈ ਗਤਿ ਨਹੀ ਹੋਇ ॥
ਨਾਮ ਬਿਹੂਣੇ ਚਲਸਹਿ ਰੋਇ ॥ (ਪੰਨਾ-890)

ਕਰਮ ਧਰਮ ਸੁਚਿ ਸੰਜਮੁ ਕਰਹਿ ਅੰਤਰਿ ਲੋਭੁ ਵਿਕਾਰ ॥
ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨ ਪਵੈ
ਦਰਗਹ ਹੋਇ ਖੁਆਰੁ ॥ (ਪੰਨਾ-1423)

ਉਦਾਹਰਣ ਦੇ ਤੌਰ ਤੇ—

ਦਾਨ ਦੇਣਾ
ਸੇਵਾ ਕਰਨੀ
ਸਕੂਲ-ਕਾਲਜ ਖੋਲਣੇ
ਯਤੀਮ ਖ਼ਾਨੇ ਖੋਲਣੇ
ਵਿਧਵਾ ਆਸ਼ਰਮ ਬਨਾਉਣੇ
ਦਾਨੀ ਸੰਸਥਾਵਾਂ ਬਨਾਉਣੀਆਂ (charitable trust)
ਮਿਸ਼ਨਰੀ ਕਾਲਜ ਖੋਲਣੇ
ਧਾਰਮਿਕ ਪ੍ਰਚਾਰ
ਧਾਰਮਿਕ ਲਿਖਤਾਂ
ਧਾਰਮਿਕ ਸਦਨ
ਸਟੱਡੀ ਸਰਕਲ
ਲਾਇਬ੍ਰੇਰੀਆਂ
ਸੁਧਾਰ ਸੰਸਥਾਵਾਂ

ਆਦਿ, ਤ੍ਰੈ-ਗੁਣੀ ਮਾਇਕੀ 'ਭਰਮ ਗੜ੍ਹ' ਦੇ 'ਅੰਧ ਗੁਬਾਰ' ਦੇ ਅੰਦਰ-ਅੰਦਰ, ਸਰੀਰਕ, ਮਾਨਸਿਕ, ਸਮਾਜਿਕ ਅਤੇ ਧਾਰਮਿਕ ਅਗਵਾਈ, ਸਹਾਇਤਾ ਅਤੇ ਸੁਖ ਦੇ ਸਾਧਨ ਤਾਂ ਬਣ ਸਕਦੇ ਹਨ—ਪਰ ਆਤਮਿਕ 'ਤਤ-ਗਿਆਨ' ਯਾ 'ਨਾਮ ਪ੍ਰਕਾਸ਼' ਦੀ ਪ੍ਰਾਪਤੀ ਲਈ 'ਕਾਫ਼ੀ' ਨਹੀਂ ਹਨ।

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥

ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥
ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥ (ਪੰਨਾ-467)

ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਇਹ 'ਮਾਨਸਿਕ ਗੁਣ' ਨਹੀਂ ਧਾਰਨੇ ਅਤੇ ਸਮਾਜਿਕ ਕਰਮ-ਕ੍ਰਿਆ ਨਹੀਂ ਕਰਨੇ।

ਇਸ ਮਾਇਕੀ ਦੁਨੀਆਂ ਦੀ ਅਗਿਆਨਤਾ ਦੇ 'ਭਰਮ-ਗੜ੍ਹ' ਵਿਚ ਵਿਚਰਦਿਆਂ ਹੋਇਆਂ ਸਾਡੇ 'ਮਾਨਸਿਕ ਜੀਵਨ' ਨੂੰ ਸੁਧਾਰਨ ਅਤੇ ਸੁਖਦਾਈ ਬਨਾਉਣ ਲਈ ਇਹ 'ਮਾਨਸਿਕ ਗੁਣ' ਲਾਜ਼ਮੀ ਹੀ ਨਹੀਂ ਬਲਕਿ ਸਹਾਈ ਅਤੇ ਲਾਭਦਾਇਕ ਹਨ।

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ (ਪੰਨਾ-765-66)

ਪੁੰਨ ਦਾਨ ਕਾ ਕਰੇ ਸਰੀਰੁ ॥
ਸੋ ਗਿਰਹੀ ਗੰਗਾ ਕਾ ਨੀਰੁ ॥ (ਪੰਨਾ-952)

ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ ॥

ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ ॥ (ਪੰਨਾ-20)

ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥ (ਪੰਨਾ-61)

ਪਰ ਨਿਰੀਆਂ-ਪੁਰੀਆਂ 'ਹਉਂ-ਧਾਰੀ' ਨੇਕੀਆਂ ਅਤੇ ਪਰਉਪਕਾਰ 'ਆਤਮਿਕ ਪ੍ਰਕਾਸ਼' ਅਥਵਾ 'ਨਾਮ' ਪ੍ਰਾਪਤੀ ਦੇ ਸਾਧਨ ਨਹੀਂ ਹੋ ਸਕਦੇ ।

ਦੂਜੇ ਲਫ਼ਜ਼ਾਂ ਵਿਚ, ਇਹ 'ਹਉਂਧਾਰੀ' ਕਰਮ-ਕ੍ਰਿਆ ਅਥਵਾ ਮਾਨਸਿਕ ਗੁਣਾਂ ਨੂੰ ਹੀ—

ਜੀਵਨ ਮਨੋਰਥ ਸਮਝਣਾ,
ਧਾਰਮਿਕ 'ਟੀਸੀ' ਸਮਝਣਾ,
ਮੁਕਤੀ ਦਾ 'ਸਾਧਨ' ਸਮਝਣਾ,
ਆਤਮਿਕ 'ਤਤ-ਗਿਆਨ' ਦਾ ਜ਼ਰੀਆ ਸਮਝਣਾ,
ਆਤਮਿਕ 'ਮੰਜ਼ਿਲ' ਸਮਝਣਾ,
'ਨਾਮ' ਦਾ 'ਪ੍ਰਕਾਸ਼' ਸਮਝਣਾ,

ਨਾਮ ਦੀ 'ਤੁਲਨਾ' ਦੇਣੀ,

ਜੀਵ ਦੀ, ਅਗਿਆਨਤਾ ਦਾ ਵਡਾ —

ਭਰਮ-ਭੁਲੇਖਾ ਹੈ।

ਕਾਹੂੰ ਲੈ ਪਾਹਨ ਪੂਜ ਧਰਯੋ ਸਿਰ ਕਾਹੂੰ ਲੈ ਲਿੰਗ ਗਰੇ ਲਟਕਾਇਓ ॥
ਕਾਹੂੰ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂੰ ਪਛਾਹ ਕੋ ਸਾਸੁ ਨਿਵਾਇਓ ॥
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥(ਤ੍ਵ ਪ੍ਰਸਾਦਿ ਸਵੱਯੇ ਪਾ : 10)

(ਚਲਦਾ.....)